PSPS ਗਾਹਕ ਸਰੋਤ

ਸਾਊਥਰਨ ਕੈਲੀਫੋਰਨੀਆ ਐਡੀਸਨ, ਪਬਲਿਕ ਸੇਫਟੀ ਪਾਵਰ ਸ਼ੱਟਆਫ (PSPS) ਤੋਂ ਪਹਿਲਾਂ, ਉਸ ਦੌਰਾਨ ਅਤੇ ਬਾਅਦ ਵਿੱਚ ਤੁਹਾਡੀ ਮਦਦ ਲਈ ਪ੍ਰੋਗਰਾਮ ਅਤੇ ਸੇਵਾਵਾਂ ਦਿੰਦਾ ਹੈ। PSPS ਬਾਰੇ ਜਾਣਕਾਰੀ ਲਈ sce.com/PSPS 'ਤੇ ਵੇਖੋ।

ਮੈਡੀਕਲ ਲੋੜਾਂ ਲਈ ਸਹਾਇਤਾ

ਮੈਡੀਕਲ ਬੇਸਲਾਈਨ ਅਲਾਉਂਸ ਪ੍ਰੋਗਰਾਮ

ਜੇ ਤੁਸੀਂ ਮੈਡੀਕਲ ਬੇਸਲਾਈਨ ਅਲਾਉਂਸ (MBL) ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾਇਆ ਹੋਇਆ ਹੈ, ਤਾਂ ਮੈਡੀਕਲ ਉਪਕਰਣ ਚਲਾਉਣ 'ਤੇ ਆਉਂਦੇ ਖਰਚੇ ਨੂੰ ਘਟਾਉਣ ਵਿੱਚ ਤੁਹਾਨੂੰ ਮਦਦ ਮਿਲ ਸਕਦੀ ਹੈ। PSPS ਦੌਰਾਨ, ਜੇ ਅਸੀਂ ਈਮੇਲ, ਟੈਕਸਟ ਜਾਂ ਫ਼ੋਨ ਕਾਲ ਰਾਹੀਂ ਤੁਹਾਡੇ ਨਾਲ ਸੰਪਰਕ ਨਾ ਕਰ ਸਕੇ, ਤਾਂ ਸਾਡਾ ਕੋਈ ਪ੍ਰਤੀਨਿਧੀ ਤੁਹਾਡੇ ਘਰ ਆ ਕੇ ਵੀ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।

ਜੇ ਤੁਸੀਂ MBL ਪ੍ਰੋਗਰਾਮ ਲਈ ਯੋਗ ਨਹੀਂ ਹੋ ਜਾਂ ਮਨਜ਼ੂਰੀ ਦੀ ਉਡੀਕ ਕਰ ਰਹੇ ਹੋ, ਤਾਂ ਸਵੈ-ਪ੍ਰਮਾਣੀਕਰਨ (self-certification) ਫਾਰਮ ਭਰੋ। ਫਾਰਮ ਪ੍ਰੋਸੈਸ ਹੋਣ ਤੋਂ ਬਾਅਦ ਇੱਕ ਸਾਲ ਤੱਕ ਤੁਹਾਨੂੰ PSPS ਬਾਰੇ ਅਗਲੀਆਂ ਸੂਚਨਾਵਾਂ ਮਿਲਦੀਆਂ ਰਹਿਣਗੀਆਂ। cloud.sce.com/self-certify 'ਤੇ ਵੇਖੋ।

ਹੋਰ ਜਾਣੋ ਅਤੇ ਇੱਥੇ ਨਾਮ ਦਰਜ ਕਰਵਾਓ: sce.com/MBL

ਇਹ ਦੇਖਣ ਲਈ ਕਿ ਤੁਸੀਂ ਅੱਗ ਦੇ ਵੱਧ ਖ਼ਤਰੇ ਵਾਲੇ ਇਲਾਕੇ ਵਿੱਚ ਰਹਿੰਦੇ ਹੋ ਜਾਂ ਨਹੀਂ, ਸਾਡੇ sce.com/OutageMap 'ਤੇ ਵੇਖੋ

ਬੈਕਅੱਪ ਪਾਵਰ

ਪੋਰਟੇਬਲ ਬੈਕਅੱਪ ਬੈਟਰੀ ਅਤੇ ਸੋਲਰ ਪੈਨਲ
ਅੱਗ ਦੇ ਵੱਧ ਖ਼ਤਰੇ ਵਾਲੇ ਇਲਾਕਿਆਂ ਵਿੱਚ ਰਹਿਣ ਵਾਲੇ ਗਾਹਕਾਂ ਲਈ

ਕ੍ਰਿਟੀਕਲ ਕੇਅਰ ਬੈਕਅੱਪ ਬੈਟਰੀ ਪ੍ਰੋਗਰਾਮ ਤਹਿਤ ਐਮਰਜੈਂਸੀ ਦੌਰਾਨ ਮੈਡੀਕਲ ਉਪਕਰਣ ਚਲਾਉਣ ਲਈ ਮੁਫ਼ਤ ਪੋਰਟੇਬਲ ਬੈਕਅੱਪ ਬੈਟਰੀ ਦਿੱਤੀ ਜਾਂਦੀ ਹੈ। ਇਸ ਲਈ ਯੋਗ ਹੋਣ ਵਾਸਤੇ ਜ਼ਰੂਰੀ ਹੈ ਕਿ ਤੁਸੀਂ SCE ਦੇ MBL ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾਇਆ ਹੋਵੇ ਅਤੇ PSPS ਤੋਂ ਪ੍ਰਭਾਵਿਤ ਇਲਾਕੇ ਵਿੱਚ ਰਹਿੰਦੇ ਹੋਵੋ।

ਹੋਰ ਜਾਣਕਾਰੀ ਲਈ: sce.com/CCBB

ਛੋਟਾਂ

ਪੋਰਟੇਬਲ ਪਾਵਰ ਸਟੇਸ਼ਨ ਅਤੇ ਜਨਰੇਟਰ 'ਤੇ ਛੋਟਾਂ
PSPS ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਰਹਿਣ ਵਾਲੇ ਗਾਹਕਾਂ ਲਈ

ਜੇ ਤੁਸੀਂ PSPS ਤੋਂ ਪ੍ਰਭਾਵਿਤ ਇਲਾਕੇ ਵਿੱਚ ਰਹਿੰਦੇ ਹੋ, ਤਾਂ ਪੋਰਟੇਬਲ ਪਾਵਰ ਸਟੇਸ਼ਨ ਜਾਂ ਪੋਰਟੇਬਲ ਜਨਰੇਟਰ ਦਾ ਖਰਚਾ ਘਟਾਉਣ ਵਿੱਚ ਮਦਦ ਲਈ, ਤੁਸੀਂ ਛੋਟ ਦੇ ਹੱਕਦਾਰ ਹੋ ਸਕਦੇ ਹੋ। ਜੇ ਤੁਸੀਂ ਕੈਲੀਫੋਰਨੀਆ ਅਲਟਰਨੇਟ ਰੇਟਸ ਫਾਰ ਐਨਰਜੀ (CARE), ਫੈਮਿਲੀ ਇਲੈਕਟ੍ਰਿਕ ਰੇਟ ਅਸਿਸਟੈਂਸ (FERA) ਜਾਂ ਮੈਡੀਕਲ ਬੇਸਲਾਈਨ ਅਲਾਉਂਸ ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾਇਆ ਹੋਇਆ ਹੈ, ਤਾਂ ਯੋਗ ਪੋਰਟੇਬਲ ਜਨਰੇਟਰਾਂ 'ਤੇ ਤੁਹਾਨੂੰ ਹੋਰ ਵੀ ਵੱਧ ਛੋਟ ਮਿਲ ਸਕਦੀ ਹੈ।

ਹੋਰ ਜਾਣਕਾਰੀ ਲਈ: marketplace.sce.com

ਅੱਪਡੇਟ ਕੀਤਾ ਗਿਆ: 08/07/2026

ਸਰੋਤ

ਕਮਿਊਨਿਟੀ ਰਿਸੋਰਸ ਸੈਂਟਰ ਅਤੇ ਕਮਿਊਨਿਟੀ ਕਰੂ ਵਹੀਕਲ

ਕਮਿਊਨਿਟੀ ਰਿਸੋਰਸ ਸੈਂਟਰ (CRC) ਅਤੇ ਕਮਿਊਨਿਟੀ ਕਰੂ ਵਹੀਕਲ (CCV) ਸਾਈਟਾਂ PSPS ਅਤੇ ਹੋਰ ਵੱਡੀਆਂ ਜਨਤਕ ਸੁਰੱਖਿਆ ਘਟਨਾਵਾਂ ਦੌਰਾਨ ਤੁਹਾਡੀ ਮਦਦ ਕਰਦੀਆਂ ਹਨ। ਇੱਥੋਂ ਤੁਸੀਂ ਜਾਣਕਾਰੀ, ਹਲਕਾ ਖਾਣ-ਪੀਣ ਅਤੇ ਰੈਜ਼ੀਲੈਂਸੀ ਕਿੱਟਾਂ ਲੈ ਸਕਦੇ ਹੋ, ਆਪਣੇ ਮੋਬਾਈਲ ਡਿਵਾਈਸ ਅਤੇ ਪੋਰਟੇਬਲ ਮੈਡੀਕਲ ਉਪਕਰਣ ਚਾਰਜ ਕਰ ਸਕਦੇ ਹੋ ਅਤੇ ਆਪਣੀ ਭਾਸ਼ਾ ਵਿੱਚ ਮਦਦ ਲੈ ਸਕਦੇ ਹੋ। ਅਪੰਗਤਾ ਵਾਲੇ ਜਾਂ ਹੋਰ ਪਹੁੰਚ ਅਤੇ ਕਾਰਜਸ਼ੀਲ ਲੋੜਾਂ ਵਾਲੇ ਗਾਹਕਾਂ ਲਈ ਵਾਧੂ ਮਦਦ ਵੀ ਉਪਲਬਧ ਹੋ।

ਹੋਰ ਜਾਣਕਾਰੀ ਲਈ: CRC/CCV ਸਾਈਟਾਂ ਦੇ ਪਤੇ ਅਤੇ ਖੁੱਲ੍ਹਣ ਦੇ ਸਮੇਂ sce.com/OutageMap **'ਤੇ ਦੇਖੋ**

ਹੋਟਲ ਸਹਾਇਤਾ

ਜੇ ਤੁਸੀਂ ਲੰਬੇ ਸਮੇਂ ਤੱਕ ਬਿਜਲੀ ਬੰਦ ਰਹਿਣ ਕਾਰਨ ਪ੍ਰਭਾਵਿਤ ਹੋ, ਤਾਂ ਤੁਹਾਨੂੰ ਹੋਟਲ 'ਤੇ ਛੋਟ ਮਿਲ ਸਕਦੀ ਹੈ। ਇਸ ਸਹੂਲਤ ਵਿੱਚ ਸ਼ਾਮਲ ਨੇੜਲੇ ਹੋਟਲ ਲੱਭਣ ਲਈ sce.com/OutageMap 'ਤੇ ਵੇਖੋ।

ਹੋਰ ਜਾਣਕਾਰੀ ਲਈ: sce.com/hotel-discounts

ਫੂਡ ਬੈਂਕ

SCE, PSPS ਦੌਰਾਨ ਤੁਹਾਡੀ ਮਦਦ ਲਈ ਇਲਾਕੇ ਦੇ ਫੂਡ ਬੈਂਕਾਂ ਨਾਲ ਮਿਲ ਕੇ ਕੰਮ ਕਰਦਾ ਹੈ; ਆਪਣੇ ਨੇੜੇ ਦੇ ਸ਼ਾਮਲ ਫੂਡ ਬੈਂਕ ਦੇਖਣ ਲਈ sce.com/OutageMap 'ਤੇ ਵੇਖੋ।

ਅਪੰਗਤਾ ਵਾਲੇ ਜਾਂ ਹੋਰ ਪਹੁੰਚ ਅਤੇ ਕਾਰਜਸ਼ੀਲ ਲੋੜਾਂ ਵਾਲੇ ਗਾਹਕਾਂ ਲਈ ਸਹਾਇਤਾ ਪ੍ਰੋਗਰਾਮ

211

SCE, PSPS ਤੋਂ ਪਹਿਲਾਂ, ਉਸ ਦੌਰਾਨ ਅਤੇ ਬਾਅਦ ਵਿੱਚ ਤੁਹਾਡੀ ਮਦਦ ਲਈ 211 ਨਾਲ ਮਿਲ ਕੇ ਕੰਮ ਕਰਦਾ ਹੈ। PSPS ਦੌਰਾਨ, 211 ਆਰਜ਼ੀ ਰਿਹਾਇਸ਼, ਆਉਣ-ਜਾਣ ਅਤੇ ਖਾਣੇ ਦੀ ਮਦਦ ਲਈ ਰੈਫ਼ਰਲ ਪ੍ਰਦਾਨ ਕਰਦਾ ਹੈ। ਤੁਸੀਂ ਐਮਰਜੈਂਸੀ ਲਈ ਤਿਆਰੀ ਬਾਰੇ ਜਾਣਕਾਰੀ ਅਤੇ MBL ਵਿੱਚ ਨਾਮ ਦਰਜ ਕਰਵਾਉਣ ਵਿੱਚ ਮਦਦ ਵੀ ਲੈ ਸਕਦੇ ਹੋ।

ਹੋਰ ਜਾਣਕਾਰੀ ਲਈ: 211 ਡਾਇਲ ਕਰੋ, 211-211 'ਤੇ 'PREPARE' ਟੈਕਸਟ ਕਰੋ ਜਾਂ 211.org **'ਤੇ ਵੇਖੋ**

ਅਮਰੀਕੀ ਸੰਕੇਤਕ ਭਾਸ਼ਾ ਮਦਦ ਕੇਂਦਰ

PSPS ਸੂਚਨਾਵਾਂ ਅਤੇ ਤਿਆਰੀ ਬਾਰੇ ਜਾਣਕਾਰੀ ਨੇਤਰਹੀਣ, ਘੱਟ ਨਜ਼ਰ ਵਾਲੇ, ਬੋਲ਼ੇ, ਉੱਚਾ ਸੁਣਨ ਵਾਲੇ ਜਾਂ ਬੋਲ਼ੇ-ਨੇਤਰਹੀਣ ਲੋਕਾਂ ਲਈ ਪਹੁੰਚਯੋਗ ਫਾਰਮੈਟਾਂ ਵਿੱਚ ਉਪਲਬਧ ਹੈ।

ਹੋਰ ਜਾਣਕਾਰੀ ਲਈ: sce.com/ASL

PSPS ਅਤੇ ਬਿਜਲੀ ਬੰਦ ਹੋਣ ਦੀਆਂ ਹੋਰ ਸੂਚਨਾਵਾਂ

ਈਮੇਲ, ਟੈਕਸਟ ਜਾਂ ਫ਼ੋਨ ਕਾਲ ਰਾਹੀਂ ਅਲਰਟ ਲੈਣ ਲਈ ਆਪਣੀ ਸੰਪਰਕ ਜਾਣਕਾਰੀ ਅਤੇ ਸੂਚਨਾ ਤਰਜੀਹਾਂ ਅੱਪਡੇਟ ਕਰੋ। sce.com/MyContacts 'ਤੇ ਆਪਣੇ SCE ਖਾਤੇ ਵਿੱਚ ਲੌਗ ਇਨ ਕਰੋ। ਸੂਚਨਾਵਾਂ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਅਤੇ ਅਮਰੀਕੀ ਸੰਕੇਤਕ ਭਾਸ਼ਾ ਵਿੱਚ ਉਪਲਬਧ ਹਨ।

ਜਿਹੜੇ ਦੇਖਭਾਲ ਕਰਨ ਵਾਲੇ ਅਤੇ ਹੋਰ ਲੋਕ **SCE** ਖਾਤਾ ਨਹੀਂ ਰੱਖਦੇ, ਉਹ sce.com/PSPSAlerts 'ਤੇ ਐਡਰੈੱਸ ਅਲਰਟ (Address Alerts) ਲਈ ਸਾਈਨ ਅੱਪ ਕਰ ਸਕਦੇ ਹਨ।

PSPS ਦੌਰਾਨ, ਤੁਸੀਂ ਬਿਜਲੀ ਬੰਦ ਹੋਣ ਬਾਰੇ ਪੂਰੀ ਜਾਣਕਾਰੀ sce.com/OutageMap 'ਤੇ ਜਾਂ sce.com/mobile-app 'ਤੇ MySCE ਮੋਬਾਈਲ ਐਪ ਵਿੱਚ ਦੇਖ ਸਕਦੇ ਹੋ।

ਅਪੰਗਤਾ ਵਾਲੇ ਜਾਂ ਹੋਰ ਪਹੁੰਚ ਅਤੇ ਕਾਰਜਸ਼ੀਲ ਲੋੜਾਂ ਵਾਲੇ ਗਾਹਕਾਂ ਲਈ ਉਪਲਬਧ ਪ੍ਰੋਗਰਾਮਾਂ, ਸੇਵਾਵਾਂ ਅਤੇ ਸਰੋਤਾਂ ਬਾਰੇ ਹੋਰ ਜਾਣਕਾਰੀ ਲਈ sce.com/AFN 'ਤੇ ਵੇਖੋ।

ਇਸ ਸੁਨੇਹੇ ਦਾ ਖਰਚਾ ਬਿਜਲੀ ਦਾ ਬਿੱਲ ਭਰਨ ਵਾਲੇ ਖਪਤਕਾਰਾਂ (ਰੇਟਪੇਅਰਾਂ) ਵੱਲੋਂ ਦਿੱਤਾ ਗਿਆ ਹੈ।